# ਰੇਜੀਨਲਡ ਮੈਸੀ (Reginald Massey)

*ਸਾਨੂੰ ਆਪਣਾ ਅੱਗਾ ਵੇਖਣਾ ਚਾਹੀਦਾ ਹੈ। ਅਸੀਂ ਬੀਤੀ ਦੁਨੀਆ ਵਾਪਸ ਨਹੀਂ ਲਿਆ ਸਕਦੇ*

***ਅਰੰਭ***

ਮੈਂ ਰੇਜੀਨਲਡ ਮੈਸੀ ਹਾਂ। ਮੇਰਾ ਜਨਮ ਲਾਹੌਰ ਵਿੱਚ 23 ਨਵੰਬਰ 1932 ਵਿੱਚ ਹੋਇਆ ਸੀ। ਮੇਰੀ ਪਾਲਣਾ ਪੋਸਣਾ ਮਿਲੇ ਜੁਲੇ ਧਰਮਾਂ ਦੇ ਭਾਈਚਾਰੇ ਵਿੱਚ ਹੋਈ ਸੀ। ਈਦ ਸਮੇਂ ਸਾਨੂੰ ਮੁਸਲਮਾਨ ਗਵਾਂਡੀਆਂ ਵਲੋਂ ਦਾਹਵਤ ਹੁੰਦੀ ਸੀ ਤੇ ਦੀਵਾਲੀ ਦੇ ਦਿਨ ਹਿੰਦੂ ਘਰਾਂ ਵਿੱਚੋਂ। ਕਰਿਸਮਸ ਵੇਲੇ ਸਾਰੇ ਗਵਾਂਢੀ ਸਾਡੇ ਘਰ ਮੇਰੀ ਮਾਤਾ ਦੇ ਬਣਾਏ ਹੋਏ ਕੇਕ ਦਾ ਸਵਾਦ ਮਾਣਦੇ ਸਨ।

ਲਾਹੌਰ ਇੱਕ ਅੰਤਰਰਾਸ਼ਟਰੀ (ਇੰਟਰਨੈਸ਼ਨਲ) ਸ਼ਹਿਰ ਸੀ ਅਤੇ ਵਿਦਿਆ ਦਾ ਕੇਂਦਰ ਸੀ। ਲਾਹੌਰ ਦੀ ਹਵਾ ਅਣਮੋਲ ਸੀ। ਮੈਨੂੰ ਪਿੱਛੋਂ ਪਤਾ ਲੱਗਾ ਕਿ ਵਖਰੇ ਵਖਰੇ ਧਰਮਾਂ, ਰਸਮ ਰਵਾਜਾਂ ਤੇ ਬੋਲੀਆਂ ਦਾ ਮੇਲ ਜੋਲ ਏਥੇ ਵਰਗਾ ਉੱਤਰੀ ਹਿੰਦੋਸਤਾਨ ਦੇ ਕਿਸੇ ਹੋਰ ਹਿੱਸੇ ਵਿੱਚ ਨਹੀਂ ਮਿਲਦਾ ਸੀ।

ਅੰਤ ਵਿੱਚ ਜਦੋਂ ਵਟਾਂਦਰੇ ਦਾ ਐਲਾਨ ਹੋਇਆ ਤਾਂ ਮੁਸਲਮਾਨਾਂ ਨੂੰ ਵੀ ਇਤਬਾਰ ਨਹੀਂ ਸੀ ਆਉਂਦਾ ਕਿ ਅੰਗਰੇਜ਼ਾਂ ਦੀ ਤਾਕਤ ਸੰਸਾਰ ਦੇ ਉਸ ਹਿੱਸੇ ਵਿੱਚੋਂ ਸਦਾ ਲਈ ਮਿਟ ਜਾਵੇਗੀ। ਲੋਕਾਂ ਨੂੰ ਇਸ ਖਬਰ ਦਾ ਜਬਰਦਸਤ ਝਟਕਾ ਲੱਗਿਆ। ਸਰਕਾਰ ਨੇ ਵਟਾਂਦਰੇ ਦਾ ਫ਼ੈਸਲਾ ਕਰ ਲਿਆ ਅਤੇ ਇੱਕ ਸਰਹੱਦੀ ਕਮਿਸ਼ਨ ਬਿਠਾ ਦਿੱਤਾ। ਮੈਂ ਤੁਹਾਨੂੰ ਇਹ ਗੱਲ ਜ਼ਰੂਰ ਕਹਾਂਗਾ ਕਿ ਹਿੰਦੋਸਤਾਨ ਨੂੰ ਵੰਡਣ ਦਾ ਖ਼ਾਸਕਰ ਪੰਜਾਬ ਦੇ ਵਟਾਂਦਰੇ ਦਾ ਫੈਸਲਾ ਲਾਹੌਰ ਵਿੱਚ ਨਹੀਂ ਹੋਇਆ। ਪੰਜਾਬੀਆਂ ਦੀ ਸਲਾਹ ਕਿਸੇ ਨੇ ਨਹੀਂ ਪੁੱਛੀ।

ਪਹਿਲਾ ਹਮਲਾ ਰਾਵਲਪਿੰਡੀ ਦੇ ਸਿਖਾਂ ਤੇ ਹੋਇਆ ਜਿੱਥੇ ਮੁਸਲਮਾਨਾਂ ਦੀ ਗਿਣਤੀ ਵੱਧ ਸੀ। ਉਸ ਦਾ ਜਵਾਬੀ ਹਮਲਾ ਉਸੇ ਵੇਲੇ ਮੁਸਲਮਾਨਾਂ ਦੇ ਖਿਲਾਫ ਪੂਰਬੀ ਪੰਜਾਬ ਵਿੱਚ ਹੋਇਆ ਜਿੱਥੇ ਸਿਖਾਂ ਦਾ ਜ਼ੋਰ ਸੀ।

ਸਾਡੀ ਕਿਸਮਤ ਚੰਗੀ ਸੀ ਸਾਡੇ ਮੁਸਲਮਾਨ ਦੋਸਤਾਂ ਨੇ ਲਹੌਰੋਂ ਸਾਨੂੰ ਬੱਚ ਕੇ ਨਿਕਲਣ ਵਿੱਚ ਮਦਦ ਕੀਤੀ। ਸਾਡੇ ਲਈ ਇੱਕ ਤਾਂਗੇ ਉਪਰ ਰੈਡ ਕਰਾਸ ਦੀ ਝੰਡੀ ਲਾਕੇ ਲੋਕਾਂ ਨੂੰ ਕਿਹਾ ਕਿ ਅਸੀਂ ਈਸਾਈ ਹਾਂ ਤੇ ਹਿੰਦੋਸਤਾਨ ਚੱਲੇ ਹਾਂ। ਲਹੌਰ ਤੋਂ ਵਾਘਾ ਅਟਾਰੀ ਦੀ ਸਰਹੱਦ ਤੱਕ ਮੈਂ ਬਹੁਤ ਖ਼ੂਨ ਖਰਾਬਾ ਵੇਖਿਆ। ਅਸੀਂ ਸੋਚਦੇ ਸੀ ਕਿ ਇੱਕ ਵਾਰੀ ਸਰਹੱਦ ਟੱਪ ਗਏ ਤਾਂ ਹਿੰਦੋਸਤਾਨ ਵਿੱਚ ਅਮਨ ਚੈਨ ਹੋਵੇਗਾ ਪਰ ਉਥੇ ਖ਼ੂਨ ਖਰਾਬਾ ਪਿੱਛੋਂ ਨਾਲੋਂ ਵੀ ਵੱਧ ਸੀ।

ਹੁਣ ਸਾਨੂੰ ਅੱਗਾ ਵੇਖਣਾ ਚਾਹੀਦਾ ਹੈ। ਬੀਤੇ ਸਮੇਂ ਦੀ ਚਰਚਾ ਫਜ਼ੂਲ ਹੈ, ਇਸੇ ਲਈ ਮੈਂ ਖੁਸ਼ ਹਾਂ ਕਿ ਤੁਸੀਂ ਇਹ ਕਾਰਜ ਨੂੰ ਮੋਢਾ ਲਾਇਆ ਹੈ। ਜੇਕਰ ਹਿੰਦੋਸਤਾਨ, ਪਾਕਿਸਤਾਨ ਤੇ ਬੰਗਲਾਦੇਸ਼ ਵਿੱਚ ਸਮਝੌਤਾ ਹੋਣਾ ਹੈ ਤਾਂ, ਮੈਨੂੰ ਕਹਿਣਾ ਨਹੀਂ ਚਾਹੀਦਾ, ਪਰ ਇਹ ਬੀਤੇ ਸ਼ਾਹੀ ਦਰਬਾਰ ਰਾਹੀਂ ਹੋਣਾ ਹੈ। ਨਵਾਂ ਸੂਰਜ ਏਥੋਂ ਹੀ ਚੜ੍ਹੇਗਾ।

***ਸਮਾਪਤ***